# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106
ਫੈਕਸ:0172-2624687 ਈ-ਮੇਲ: ictpunjab@yahoo.com

**ਸੇਵਾ ਵਿਖੇ**

**ਪੰਜਾਬ ਰਾਜ ਦੇ ਸਮੂਹ**
**ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)**

**ਮੀਮੋ ਨੰ. 5/3-ICT-2008/Rectt/Ren/9315**
**ਮਿਤੀ ਚੰਡੀਗੜ੍ਹ 19. 09.2011**

**ਵਿਸ਼ਾ:- ਆਈ.ਸੀ.ਟੀ. ਪ੍ਰੋਜੈਕਟ ਅਧੀਨ ਠੇਕੇ ਤੇ ਰੱਖੇ ਕੰਪਿਊਟਰ ਅਧਿਆਪਕਾ ਦਾ ਇਕਰਾਰ ਨਵਿਆਉਣ ਸਬੰਧੀ।**

2. **ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ ।**

ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਿਖਿਆ ਸੁਸਾਇਟੀ ਵੱਲੋ ਆਈ.ਸੀ. ਪ੍ਰੋਜੈਕਟ ਅਧੀਨ ਸਰਕਾਰੀ ਸਕੂਲਾਂ ਵਿੱਚ ਕੰਪਿਊਟਰ ਸਿਖਿਆ ਦੇਣ ਲਈ ਕੰਪਿਊਟਰ ਟੀਚਰ/ਫਕੈਲਟੀ ਠੇਕੇਦਾਰ ਅਧਾਰ ਤੇ ਭਰਤੀ ਕੀਤੇ ਗਏ ਸਨ। ਬੋਰਡ ਆਫ ਗਵਰਨਰਜ਼ ਦੀਆਂ ਹਦਾਇਤਾਂ ਮੁਤਾਬਕ ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਿਖਿਆ ਸੁਸਾਇਟੀ ਵੱਲੋਂ ਇਹਨਾਂ ਅਧਿਆਪਕਾਂ ਨਾਲ ਕੀਤਾ ਇਕਰਾਰ ਮਿਤੀ 31-3-2011 ਨੂੰ ਸਮਾਪਤ ਹੋ ਗਿਆ ਹੈ। ਇਸ ਇਕਰਾਰ ਨੂੰ ਨਵਿਆਉਦਿਆਂ ਹੋਇਆਂ ਜਿਨ੍ਹਾਂ ਕੰਪਿਊਟਰ ਅਧਿਆਪਕਾਂ ਦਾ ਇਕਰਾਰ ਮਿਤੀ 31.03.2011 ਨੂੰ ਖਤਮ ਹੋ ਗਿਆ ਹੈ ਉਨ੍ਹਾਂ ਦਾ ਇਕਰਾਰ ਪਹਿਲਾਂ ਵਾਲੀਆਂ ਸ਼ਰਤਾਂ ਅਤੇ ਸਮੇਂ-ਸਮੇਂ ਹੋਇਆਂ ਸੋਧਾਂ/ਹਦਾਇਤਾਂ ਅਧੀਨ ਵਧਾਕੇ 01-4-2011 ਤੋਂ ਇੱਕ ਸਾਲ ਤੱਕ ਕੀਤਾ ਜਾਂਦਾ ਹੈ।

3. ਜਿਨ੍ਹਾਂ ਕੰਪਿਊਟਰ ਅਧਿਆਪਕਾਂ ਦੀਆ ਸੇਵਾਵਾਂ ਮਿਤੀ 01.07.2011 ਨੂੰ ਨਿਯਮਿਤ ਹੋ ਚੁੱਕੀਆਂ ਹਨ ਉਨ੍ਹਾਂ ਦਾ ਇਕਰਾਰ ਮਿਤੀ 01.04.2011 ਤੋਂ 30.06.2011 ਤੱਕ ਨਿਵਿਆਇਆ ਜਾਂਦਾ ਹੈ।

4. ਕੰਪਿਊਟਰ ਅਧਿਆਪਕ ਦਾ ਇਕਰਾਰ ਨਿਵਿਆਉਣ ਲਈ ਉਹ ਹੇਠ ਲਿਖੀਆਂ ਸ਼ਰਤਾ ਪੂਰੀਆਂ ਕਰਦਾ ਹੋਵੇ:-
   - **(a)** ਕੰਪਿਊਟਰ ਅਧਿਆਪਕ ਦੀ ਕਾਰਗੁਜਾਰੀ ਤਸੱਲੀਬਖਸ਼ ਹੋਵੇ ।
   - **(b)** ਕੰਪਿਊਟਰ ਅਧਿਆਪਕ ਲੰਬੇ ਸਮੇਂ ਤੋਂ ਗੈਰ ਹਾਜਰ ਨਾ ਹੋਵੇ।
   - **(c)** ਕੰਪਿਊਟਰ ਅਧਿਆਪਕ ਵਿਰੁੱਧ ਕੋਈ ਵੀ ਵਿਭਾਗੀ ਕਾਰਵਾਈ ਲੰਬਿਤ ਨਾ ਹੋਵੇ।

5. ਇਹ ਹਦਾਇਤਾਂ ਆਪਣੇ ਅਧੀਨ ਸਮੂਹ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ/ਮੁੱਖ ਅਧਿਆਪਕਾਂ/ਇੰਚਾਰਜਾਂ ਦੇ ਧਿਆਨ ਵਿੱਚ ਲਿਆਉਣੀਆਂ ਯਕੀਨੀ ਬਣਾਈਆਂ ਜਾਣ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**
**ਪੰਜਾਬ ਆਈ.ਸੀ.ਟੀ, ਐਜੂਕੇਸ਼ਨ ਸੁਸਾਇਟੀ**
**ਪੰਜਾਬ, ਚੰਡੀਗੜ**

**ਮੀਮੋ ਨੰ. 5/3-ICT-2008/Rectt/Ren/ 9315** ਮਿਤੀ: ਚੰਡੀਗੜ੍ਹ 19.09.2011

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਹਾਇਕ ਮੈਨੇਜਰ(ਵਿੱਤ) ਆਈ.ਸੀ.ਟੀ.

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**
**ਪੰਜਾਬ ਆਈ.ਸੀ.ਟੀ, ਐਜੂਕੇਸ਼ਨ ਸੁਸਾਇਟੀ**
**ਪੰਜਾਬ, ਚੰਡੀਗੜ**